Punjabi

# ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ – ਹੇਰਾ ਫੇਰੀ ਅਤੇ ਆਪਾਂ ਇਸ ਦੀ ਰੋਕਥਾਮ ਕਿਵੇਂ ਕਰ ਸਕਦੇ ਹਾਂ ਸਬੰਧੀ ਇਕ ਗਾਈਡ

**Housing Benefit and Council Tax Benefit – a guide to fraud and how we can prevent it**

ਇਸ ਪਰਚੇ ਵਿਚ ਦੱਸਿਆ ਗਿਆ ਹੈ ਕਿ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਬੈਨੀਫਿਟ ਹੇਰਾ ਫੇਰੀ ਕੀ ਹੈ ਅਤੇ ਇਸ ਦੀ ਰੋਕਥਾਮ ਵਾਸਤੇ ਆਪਾਂ ਮਿਲ ਕੇ ਕਿਵੇਂ ਕੰਮ ਕਰ ਸਕਦੇ ਹਾਂ। ਚਾਹੇ ਤੁਸੀਂ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ, ਹਰ ਥਾਂ ਇਕੋ ਜਿਹੇ ਨਿਯਮ ਹੀ ਲਾਗੂ ਹੁੰਦੇ ਹਨ। ਜੇ ਤੁਹਾਨੂੰ ਇਹ ਨਹੀਂ ਪਤਾ ਕਿ ਜਿਸ ਇਲਾਕੇ ਵਿਚ ਤੁਹਾਡਾ ਮਕਾਨ ਹੈ ਉਹ ਕਿਹੜੀ ਕੌਂਸਲ ਵਿਚ ਆਉਂਦਾ ਹੈ ਤਾਂ ਤੁਸੀਂ ਇਹ ਜਾਣਕਾਰੀ ਆਪਣੇ ਕੌਂਸਲ ਟੈਕਸ ਬਿੱਲ ਉਤੋਂ ਦੇਖ ਸਕਦੇ ਹੋ।

## ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਹੇਰਾ ਫੇਰੀ ਕੀ ਹੈ?
**What is Housing Benefit and Council Tax Benefit fraud?**

ਜਦੋਂ ਕੋਈ ਵਿਅਕਤੀ ਐਸੀ ਜਾਣਕਾਰੀ ਦੇ ਆਧਾਰ ਤੇ ਬੈਨੀਫਿਟ (ਭੱਤਾ) ਕਲੇਮ ਕਰਦਾ ਹੈ ਜਿਸ ਬਾਰੇ ਉਸਨੂੰ ਪਤਾ ਹੋਵੇ ਕਿ ਇਹ ਜਾਣਕਾਰੀ ਬਣਾਉਟੀ ਹੈ ਅਤੇ ਦਰੁਸਤ ਨਹੀਂ ਹੈ ਤਾਂ ਇਹ ਬੈਨੀਫਿਟ ਹੇਰਾ ਫੇਰੀ ਹੁੰਦੀ ਹੈ। ਜੇ ਕੋਈ ਵਿਅਕਤੀ ਆਪਣੇ ਹਾਲਤਾਂ ਵਿਚ ਉਹਨਾਂ ਤਬਦੀਲੀਆਂ ਬਾਰੇ ਸਾਨੂੰ ਸੂਚਿਤ ਨਹੀਂ ਕਰਦਾ ਜਿਹਨਾਂ ਨਾਲ ਉਹਨਾਂ ਨੂੰ ਮਿਲਣ ਵਾਲੇ ਬੈਨੀਫਿਟ ਵਿਚ ਕਮੀ ਆ ਸਕਦੀ ਹੋਵੇ ਤਾਂ ਇਸ ਨਾਲ ਵੀ ਬੈਨੀਫਿਟ ਕਲੇਮ ਵਿਚ ਹੇਰਾ ਫੇਰੀ ਹੋ ਸਕਦੀ ਹੈ। ਕਈ ਵਾਰ ਬੈਨੀਫਿਟ ਕਲੇਮ ਕਰਨ ਵਾਲਾ ਵਿਅਕਤੀ ਹੀ ਬੈਨੀਫਿਟ ਹੇਰਾ ਫੇਰੀ ਵਾਸਤੇ ਜ਼ਿੰਮੇਵਾਰ ਹੁੰਦਾ ਹੈ, ਅਤੇ ਕਈ ਵਾਰ ਉਹਨਾਂ ਦਾ ਮਕਾਨ-ਮਾਲਕ, ਕੋਈ ਕਾਰੋਬਾਰੀ ਮਾਲਕ, ਕੋਈ ਪ੍ਰਤੀਨਿਧ ਜਾਂ ਕੋਈ ਹੋਰ ਬੈਨੀਫਿਟ ਐਪਲੀਕੇਸ਼ਨ ਮੁਕੰਮਲ ਕਰਨ ਵਿਚ ਮੱਦਦ ਕਰਨ ਵਾਲਾ ਵਿਅਕਤੀ ਉਹਨਾਂ ਦਾ ਮੱਦਦਗਾਰ ਹੋ ਸਕਦਾ ਹੈ।

ਬੈਨੀਫਿਟ ਹੇਰਾ ਫੇਰੀ ਇਕ ਅਪਰਾਧਕ ਕਸੂਰ ਹੈ। ਜੇ ਸਾਡੇ ਖਿਆਲ ਵਿਚ ਕੋਈ ਐਸਾ ਬੈਨੀਫਿਟ ਕਲੇਮ ਕਰ ਰਿਹਾ ਹੋਵੇ ਜਿਸਦਾ ਕਿ ਉਹ ਹੱਕਦਾਰ ਨਾ ਹੋਵੇ ਤਾਂ ਸਾਡੀ ਸਿਰੜੀ ਟੀਮ ਉਸ ਦੀ ਜਾਂਚ ਪੜਤਾਲ ਕਰੇਗੀ। ਜੇ ਸਾਨੂੰ ਸਬੂਤ ਮਿਲ ਜਾਵੇ ਕਿ ਕੋਈ ਵਿਅਕਤੀ ਹੇਰਾ ਫੇਰੀ ਕਰ ਰਿਹਾ ਹੈ ਤਾਂ ਅਸੀਂ ਉਸ ਉਤੇ ਮੁਕੱਦਮਾ ਚਲਾ ਸਕਦੇ ਹਾਂ, ਉਸਨੂੰ ਜੁਰਮਾਨਾ ਕਰ ਸਕਦੇ ਹਾਂ ਜਾਂ ਕਨੂੰਨੀ ਚੇਤਾਵਨੀ (ਕਾਸ਼ਨ) ਦੇ ਸਕਦੇ ਹਾਂ। ਹਰ ਹਾਲਤ ਵਿਚ ਅਸੀਂ ਵਾਧੂ ਭੁਗਤਾਨ ਕੀਤੇ ਗਏ ਬੈਨੀਫਿਟ ਦੀ ਰਕਮ ਵਾਪਸ ਵਸੂਲ ਕਰਨ ਦਾ ਚਾਰਾ ਕਰਾਂਗੇ। ਕੁੱਝ ਵਿਸ਼ੇਸ਼ ਹਾਲਤਾਂ ਵਿਚ ਅਸੀਂ ਹੋਰ ਪੈਸਾ ਜਾਂ ਮਾਲ-ਅਸਬਾਬ, ਜੇ ਅਸੀਂ ਸਮਝਦੇ ਹੋਈਏ ਕਿ ਉਹ ਅਪਰਾਧ ਦੀ ਉਪਜ ਹਨ, ਵੀ ਜ਼ਬਤ ਕਰ ਸਕਦੇ ਹਾਂ।

## ਹਾਊਸਿੰਗ ਬੈਨੀਫਿਟ ਅਤੇ ਕੌਂਸਲ ਬੈਨੀਫਿਟ ਹੇਰਾ ਫੇਰੀ ਦੀ ਰੋਕਥਾਮ ਕਰਨੀ ਕਿਉਂ ਜ਼ਰੂਰੀ ਹੈ?
**Why is it important to stop Housing Benefit and Council Tax Benefit fraud?**

ਬੈਨੀਫਿਟ ਹੇਰਾ ਫੇਰੀ ਕਾਰਨ ਹਰ ਸਾਲ ਟੈਕਸ ਦੀ ਅਦਾਇਗੀ ਕਰਨ ਵਾਲਿਆਂ ਸਿਰ ਤਕਰੀਬਨ 2 ਬਿਲੀਅਨ ਪੌਂਡ ਦਾ ਭਾਰ ਪੈਂਦਾ ਹੈ। ਇਹ ਪੈਸਾ ਦੂਸਰੀਆਂ ਬਹੁਤ ਜ਼ਰੂਰੀ ਸੇਵਾਵਾਂ ਤੇ ਖਰਚਿਆ ਜਾ ਸਕਦਾ ਹੈ। ਹੇਰਾ ਫੇਰੀ ਨਾਲ ਇਸ ਗੱਲ ਉਤੇ ਵੀ ਅਸਰ ਪੈਂਦਾ ਹੈ ਕਿ ਕੌਂਸਲ ਟੈਕਸ ਅਤੇ ਇਨਕਮ ਟੈਕਸ ਵਾਸਤੇ ਤੁਹਾਨੂੰ ਕਿੰਨੀ ਰਕਮ ਅਦਾ ਕਰਨੀ ਪਵੇਗੀ ਅਤੇ ਆਪਣੀ ਕਮਿਊਨਟੀ ਦੀ ਵਰਤੋਂ ਵਾਸਤੇ ਕਿੰਨੀਆਂ ਸੇਵਾਵਾਂ ਮੁਹੱਈਆ ਕਰਾਈਆਂ ਜਾ ਸਕਦੀਆਂ ਹਨ।

ਬੈਨੀਫਿਟ ਫੰਡਾਂ ਨੂੰ ਹੇਰਾ ਫੇਰੀ ਅਤੇ ਦੁਰਵਰਤੋਂ ਤੋਂ ਬਚਾਉਣਾ ਸਾਡਾ ਫਰਜ਼ ਹੈ। ਹੇਰਾ ਫੇਰੀ ਦੀ ਜਾਂਚ ਪੜਤਾਲ ਕਰਨਾ ਵੀ ਸਾਡਾ ਫਰਜ਼ ਹੈ ਅਤੇ ਸਰਕਾਰ ਇਸਦੀ ਪੈਮਾਇਸ਼ ਕਰਦੀ ਹੈ ਕਿ ਅਸੀਂ ਇਹ ਕੰਮ ਕਿੰਨੀ ਖੂਬੀ ਨਾਲ ਕਰ ਰਹੇ ਜਾਂ।

## ਬੈਨੀਫਿਟ ਕਲੇਮਾਂ ਵਿਚ ਹੇਰਾ ਫੇਰੀ ਨੂੰ ਰੋਕਣ ਵਾਸਤੇ ਕੀ ਕੁੱਝ ਕੀਤਾ ਜਾ ਰਿਹਾ ਹੈ?
**What is being done to help stop fraud in benefit claims?**

ਬੈਨੀਫਿਟ ਹੇਰਾਫੇਰੀ ਨੂੰ ਘੱਟ ਕਰਨ ਲਈ ਸਾਡੀ ਹੇਰਾ ਫੇਰੀ ਜਾਂਚ ਟੀਮ ਦੂਸਰੀਆਂ ਏਜੰਸੀਆਂ ਨਾਲ ਪੂਰੀ ਤਰਾਂ ਮਿਲਕੇ ਕੰਮ ਕਰਦੀ ਹੈ। ਉਹ ਡਿਪਾਰਟਮੈਂਟ ਆਫ ਵਰਕ ਐਂਡ ਪੈਨਸ਼ਨਜ ਅਤੇ ਗਆਂਢੀ ਕੌਂਸਲਾਂ ਨਾਲ ਮਿਲਕੇ ਜਾਂਚ ਪੜਤਾਲ ਕਰਦੇ ਹਨ ਅਤੇ ਜਾਂਚ ਪੜਤਾਲ ਵਿਚ ਪੁਲੀਸ, ਬਾਰਡਰ ਏਜੰਸੀ ਅਤੇ ਐਚ.ਐਮ. ਰੈਵੀਨਿਊ ਐਂਡ ਕਸਟਮਜ ਨੂੰ ਵੀ ਅਕਸਰ ਸ਼ਾਮਲ ਕੀਤਾ ਜਾ ਸਕਦਾ ਹੈ।

ਅਸੀਂ 'ਡੇਟਾ ਮੈਚਿੰਗ ਐਕਸਰਸਾਈਜਿਸ' ਵਿਚ ਸ਼ਾਮਲ ਹਾਂ, ਜਿਹਨਾਂ ਵਿਚੋਂ ਬਹੁਤੀਆਂ – ਸਕਾਟਲੈਂਡ ਵਿਚ ਆਡਿਟ ਸਕਾਟਲੈਂਡ ਸਮੇਤ – ਹਾਊਸਿੰਗ ਬੈਨੀਫਿਟ ਮੈਚਿੰਗ ਸਰਵਿਸ ਅਤੇ ਆਡਿਟ ਕਮਿਸ਼ਨ'ਜ ਨੈਸ਼ਨਲ ਫਰਾਡ ਇਨਿਸ਼ੀਏਟਿਵ ਵਲੋਂ ਚਲਾਈਆਂ ਜਾਂਦੀਆਂ ਹਨ, ਜੋ ਪਬਲਿਕ ਅਥਾਰਟੀਆਂ ਅਤੇ ਕਈ ਪ੍ਰਾਈਵੇਟ ਕੰਪਣੀਆਂ ਵਲੋਂ ਸਾਂਝੀ ਹੋਈ ਜਾਣਕਾਰੀ ਨੂੰ ਚੈੱਕ ਕਰਦੇ ਹਨ। ਕੋਈ ਵੀ ਜਾਣਕਾਰੀ ਜੋ ਮੇਲ੍ਹ ਨਾ ਖਾਂਦੀ ਹੋਵੇ ਉਹ ਜਾਂਚ ਪੜਤਾਲ ਵਾਸਤੇ ਸਬੰਧਤ ਅਥਾਰਟੀ ਨੂੰ ਸੌਂਪ ਦਿੱਤੀ ਜਾਂਦੀ ਹੈ।

ਅਸੀਂ ਬੈਨੀਫਿਟ ਹੇਰਾ ਫੇਰੀ ਦੇ ਸਭ ਦੋਸ਼ਾਂ ਦੀ ਜਾਂਚ ਪੜਤਾਲ ਕਰਦੇ ਹਾਂ। ਜੇ ਸਾਡੀ ਜਾਂਚ ਪੜਤਾਲ ਤੋਂ ਪ੍ਰਗਟ ਹੋ ਜਾਵੇ ਕਿ ਕੋਈ ਵਿਅਕਤੀ ਹੇਰਾ ਫੇਰੀ ਕਰ ਰਿਹਾ ਹੈ ਤਾਂ ਉਸਦੇ ਨਿੱਜੀ ਹਾਲਤਾਂ ਅਤੇ ਕੇਸ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਇਸ ਵਿਚ ਸ਼ਾਮਲ ਵਿਅਕਤੀ ਜਾਂ ਲੋਕਾਂ ਦੇ ਖਿਲਾਫ ਮੁਕੱਦਮਾ ਜਾਂ ਕੋਈ ਹੋਰ ਕਾਰਵਾਈ ਕਰਨ ਤੇ ਵਿਚਾਰ ਕਰਾਂਗੇ। ਸਾਡੇ ਫੈਸਲੇ ਸਾਡੀ ਬੈਨੀਫਿਟ ਫਰਾਡ ਸੈਂਕਸ਼ਨਜ ਪਾਲਸੀ ਦੇ ਅਨੁਸਾਰ ਹੋਣਗੇ।

## ਹਾਊਸਿੰਗ ਬੈਨੀਫਿਟ ਅਤੇ ਕੌਂਸਲ ਬੈਨੀਫਿਟ ਸਬੰਧੀ ਕਿਸ ਕਿਸਮ ਦੀਆਂ ਹੇਰਾ ਫੇਰੀਆਂ ਹੁੰਦੀਆਂ ਹਨ?
**What types of Housing Benefit and Council Tax Benefit fraud are there?**

ਹੇਰਾ ਫੇਰੀ ਵਾਲੇ ਕਲੇਮਾਂ ਦੀਆਂ ਕੁੱਝ ਕਿਸਮਾਂ ਇਸ ਪ੍ਰਕਾਰ ਹਨ।

- **ਲੋਕਾਂ ਵਲੋਂ ਸਾਨੂੰ ਇਹ ਨਾ ਦੱਸਿਆ ਜਾਣਾ ਕਿ ਕੋਈ ਪਾਰਟਨਰ, ਰਿਸ਼ਤੇਦਾਰ, ਮਿੱਤਰ ਜਾਂ ਕਿਰਾਏਦਾਰ ਨਾਲ ਰਹਿ ਰਿਹਾ ਹੈ ਜਾਂ ਮਕਾਨ ਛੱਡ ਕੇ ਚਲਾ ਗਿਆ ਹੈ।**

ਜੇ ਕੋਈ ਵਿਅਕਤੀ ਸਾਨੂੰ ਆਪਣੇ ਮਕਾਨ ਵਿਚ ਰਹਿ ਰਹੇ ਜਾਂ ਛੱਡ ਕੇ ਜਾਣ ਵਾਲੇ ਵਿਅਕਤੀ ਬਾਰੇ ਨਾ ਦੱਸੇ ਤਾਂ ਇਹ ਹੇਰਾ ਫੇਰੀ ਹੈ ਕਿਉਂਕਿ ਇਸ ਨਾਲ ਉਹਨਾਂ ਦੇ ਬੈਨੀਫਿਟ ਉਤੇ ਅਸਰ ਪੈਂਦਾ ਹੈ।

- **ਲੋਕਾਂ ਵਲੋਂ ਸਾਨੂੰ ਇਹ ਨਾ ਦੱਸਿਆ ਜਾਣਾ ਕਿ ਉਹ ਕੰਮ ਕਰਦੇ ਹਨ, ਕਿੰਨੇ ਘੰਟੇ ਕੰਮ ਕਰਦੇ ਹਨ ਅਤੇ ਕਿੰਨਾ ਕਮਾਉਂਦੇ ਹਨ**

ਜੇ ਕੋਈ ਬੈਨੀਫਿਟ ਕਲੇਮ ਕਰ ਰਿਹਾ ਵਿਅਕਤੀ ਸਾਨੂੰ ਇਹ ਨਾ ਦੱਸੇ ਕਿ ਉਹ ਕੰਮ ਕਰ ਰਿਹਾ ਹੈ ਤਾਂ ਇਹ ਹੇਰਾ ਫੇਰੀ ਹੋਵੇਗੀ ਕਿਉਂਕਿ ਕੰਮ ਕਰਨ ਨਾਲ ਸ਼ਾਇਦ ਉਹ ਜਾਬਸੀਕਰ'ਜ ਅਲਾਊਂਸ ਜਾਂ ਇਨਕਮ ਸੁਪੋਰਟ ਵਰਗੇ ਦੂਸਰੇ ਬੈਨੀਫਿਟਸ ਦੇ ਹੱਕਦਾਰ ਨਾ ਰਹਿਣ। ਇਹ ਵੀ ਹੋ ਸਕਦਾ ਹੈ ਕਿ ਉਹ ਸਾਨੂੰ ਦੱਸੇ ਗਏ ਨਾਲੋਂ ਵੱਧ ਘੰਟੇ ਕੰਮ ਕਰਦੇ ਹੋਣ ਅਤੇ ਵੱਧ ਪੈਸੇ ਕਮਾਉਂਦੇ ਹੋਣ।

- **ਲੋਕਾਂ ਵਲੋਂ ਸਾਨੂੰ ਆਪਣੀਆ ਸਭ ਬੱਚਤਾਂ (ਸੇਵਿੰਗਜ) ਅਤੇ ਪੂੰਜੀ ਨਿਵੇਸ਼ਾਂ ਬਾਰੇ ਨਾ ਦੱਸਣਾ**

ਇਹ ਉਦੋਂ ਹੁੰਦਾ ਹੈ ਜਦੋਂ ਕੋਈ ਸਾਨੂੰ ਆਪਣੇ ਸਾਰੇ ਬੈਂਕ ਜਾਂ ਬਿਲਡਿੰਗ ਸੁਸਾਇਟੀ ਖਾਤਿਆਂ, ਸਟਾਕ ਐਂਡ ਸ਼ੇਅਰਜ ਅਤੇ ਦੂਸਰੀਆਂ ਬੱਚਤਾਂ ਬਾਰੇ ਸੂਚਿਤ ਨਾ ਕਰੇ ਕਿਉਂਕਿ ਇਸ ਨਾਲ ਉਹਨਾਂ ਨੂੰ ਮਿਲਣ ਵਾਲੇ ਬੈਨੀਫਿਟ ਦੀ ਰਕਮ ਤੇ ਅਸਰ ਪੈਂਦਾ ਹੈ।

- **ਲੋਕਾਂ ਵਲੋਂ ਯੂ.ਕੇ. ਜਾਂ ਦੂਸਰੇ ਦੇਸ਼ਾਂ ਵਿਚਲੀ ਆਪਣੀ ਪ੍ਰਾਪਰਟੀ ਬਾਰੇ ਸਾਨੂੰ ਨਾ ਦੱਸਿਆ ਜਾਣਾ**

ਇਸ ਪ੍ਰਕਾਰ ਦੀ ਹੇਰਾ ਫੇਰੀ ਉਦੋਂ ਹੁੰਦੀ ਹੈ ਜਦੋਂ ਬੈਨੀਫਿਟ ਕਲੇਮ ਕਰ ਰਿਹਾ ਵਿਅਕਤੀ ਸਾਨੂੰ ਆਪਣੀ ਪ੍ਰਾਪਰਟੀ ਜਾਂ ਜ਼ਮੀਨ (ਜਿਸ ਵਾਸਤੇ ਸ਼ਾਇਦ ਉਹ ਕਿਰਾਇਆ ਵਸੂਲ ਕਰ ਰਿਹਾ ਹੋਵੇ) ਬਾਰੇ ਨਾ ਦੱਸੇ।

- **ਲੋਕਾਂ ਵਲੋਂ ਉਸ ਪਤੇ ਵਾਸਤੇ ਬੈਨੀਫਿਟ ਕਲੇਮ ਕਰਨਾ ਜਿੱਥੇ ਉਹ ਆਪ ਨਾ ਰਹਿੰਦੇ ਹੋਣ ਜਾਂ ਅੱਗੋਂ ਕਿਰਾਏ ਤੇ ਦਿੱਤਾ ਹੋਵੇ**

ਇਹ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਉਸ ਸਰਨਾਵੇਂ ਤੇ ਕਲੇਮ ਕਰ ਰਿਹਾ ਹੋਵੇ ਜਿੱਥੇ ਉਹ ਆਪ ਨਾ ਰਹਿੰਦਾ ਹੋਵੇ ਜਾਂ ਅੱਗੇ ਕਿਸੇ ਹੋਰ ਨੂੰ ਕਿਰਾਏ ਤੇ ਦਿੱਤਾ ਹੋਇਆ ਹੋਵੇ। ਇਹ ਉਦੋਂ ਵੀ ਹੁੰਦਾ ਹੈ ਜਦੋਂ ਕੋਈ ਵਿਅਕਤੀ ਕਿਸੇ ਐਸੇ ਸਰਨਾਵੇਂ ਵਾਸਤੇ ਕਲੇਮ ਕਰ ਰਿਹਾ ਹੋਵੇ ਜੋ ਕਿ ਅਸਲ ਵਿਚ ਹੋਵੇ ਹੀ ਨਾ ਜਾਂ ਜਿਸ ਵਾਸਤੇ ਉਸਨੂੰ ਕਿਰਾਇਆ ਨਾ ਦੇਣਾ ਪੈਂਦਾ ਹੋਵੇ। ਇਸ ਤਰਾਂ ਦੀ ਹੇਰਾ ਫੇਰੀ ਮਾਲਕ ਮਕਾਨ ਜਾਂ ਦੂਸਰੇ ਕਿਰਾਏਦਾਰਾਂ ਦੀ ਮੱਦਦ ਅਤੇ ਸ਼ਮੂਲੀਅਤ ਨਾਲ ਹੋ ਸਕਦੀ ਹੈ।

- **ਕਿਸੇ ਪ੍ਰਾਪਰਟੀ ਨੂੰ ਛੱਡ ਜਾਣ ਮਗਰੋਂ ਵੀ ਉਸ ਵਾਸਤੇ ਬੈਨੀਫਿਟ ਕਲੇਮ ਜ਼ਾਰੀ ਰੱਖਣ ਵਾਲੇ ਲੋਕ**

ਜੇ ਕੋਈ ਸਾਨੂੰ ਇਹ ਨਾ ਦੱਸੇ ਕਿ ਉਹਨਾਂ ਨੇ ਮਕਾਨ ਬਦਲ ਲਿਆ ਹੈ ਅਤੇ ਉਹ ਆਪਣੇ ਪਹਿਲੇ ਸਰਨਾਵੇਂ ਵਾਸਤੇ ਹਾਊਸਿੰਗ ਬੈਨੀਫਿਟ ਲੈਣਾ ਜ਼ਾਰੀ ਰੱਖਣ ਤਾਂ ਉਹ ਹੇਰਾ ਫੇਰੀ ਕਰ ਰਹੇ ਹਨ।

- **ਸਾਨੂੰ ਆਪਣੀ ਆਮਦਨ ਬਾਰੇ ਪੂਰਾ ਵੇਰਵਾ ਨਾ ਦੱਸਣ ਵਾਲੇ ਲੋਕ**

ਇਹ ਉਦੋਂ ਹੁੰਦਾ ਹੈ ਜਦੋਂ ਬੈਨੀਫਿਟ ਕਲੇਮ ਕਰ ਰਿਹਾ ਵਿਅਕਤੀ ਆਪਣੀ ਸਾਰੀ ਆਮਦਨ ਜਾਂ ਮਿਲਣ ਵਾਲੀ ਰਕਮ ਦੀਆਂ ਤਬਦੀਲੀਆਂ ਬਾਰੇ ਸਾਨੂੰ ਨਾ ਦੱਸੇ, ਕਿਉਂਕਿ ਇਸ ਨਾਲ ਉਹਨਾਂ ਨੂੰ ਮਿਲਣ ਵਾਲੇ ਬੈਨੀਫਿਟ ਤੇ ਅਸਰ ਪੈਂਦਾ ਹੈ। ਆਮਦਨ ਵਿਚ ਪੈਨਸ਼ਨਾਂ (ਕੰਮ ਤੋਂ ਅਤੇ ਪ੍ਰਾਈਵੇਟ ਦੋਨੋਂ ਹੀ), ਟੈਕਸ ਕ੍ਰੈਡਿਟਸ, ਸਟੂਡੈਂਟਸ ਲੋਅਨਜ, ਗ੍ਰਾਂਟਸ ਜਾਂ ਬੁਰਸਰੀਜ ਸ਼ਾਮਲ ਹਨ।

- **ਲੋਕਾਂ ਵਲੋਂ ਸਾਨੂੰ ਇਹ ਨਾ ਦੱਸਿਆ ਜਾਣਾ ਕਿ ਜਿਸ ਪ੍ਰਾਪਰਟੀ ਵਾਸਤੇ ਉਹ ਹਾਊਸਿੰਗ ਬੈਨੀਫਿਟ ਕਲੇਮ ਕਰ ਰਹੇ ਹਨ ਉਸਦਾ ਮਾਲਕ ਉਹ ਆਪ, ਉਹਨਾਂ ਦੇ ਬੱਚਿਆਂ ਦਾ ਬਾਪ ਜਾਂ ਕੋਈ ਰਿਸ਼ਤੇਦਾਰ ਹੈ**

ਜੇ ਕਲੇਮ ਕਰਨ ਵਾਲਾ ਵਿਅਕਤੀ, ਜਾਂ ਉਹਨਾਂ ਦੇ ਕਿਸੇ ਬੱਚੇ ਦਾ ਬਾਪ ਪ੍ਰਾਪਰਟੀ ਦਾ ਮਾਲਕ ਹੋਵੇ ਤਾਂ ਅਸੀਂ ਉਸ ਵਾਸਤੇ ਹਾਊਸਿੰਗ ਬੈਨੀਫਿਟ ਨਹੀਂ ਦੇ ਸਕਦੇ, ਸੋ ਇਸ ਪ੍ਰਕਾਰ ਦੀ ਹੇਰਾ ਫੇਰੀ ਉਦੋਂ ਹੁੰਦੀ ਹੈ ਜਦੋਂ ਕਲੇਮ ਕਰਨ ਵਾਲਾ ਵਿਅਕਤੀ ਸਾਨੂੰ ਇਹ ਨਾ ਦੱਸੇ ਕਿ ਉਹ ਪ੍ਰਾਪਰਟੀ ਦਾ ਮਾਲਕ ਹੈ ਜਾਂ ਪ੍ਰਾਪਰਟੀ ਦੇ ਮਾਲਕ ਸਬੰਧੀ ਸਾਨੂੰ ਸੱਚੀ ਜਾਣਕਾਰੀ ਨਾ ਦੇਵੇ। ਇਹ ਹੇਰਾ ਫੇਰੀ ਕੁੱਝ ਹਾਲਤਾਂ ਵਿਚ ਉਦੋਂ ਵੀ ਲਾਗੂ ਹੁੰਦੀ ਹੈ ਜਦੋਂ ਪ੍ਰਾਪਰਟੀ ਦਾ ਮਾਲਕ ਕਲੇਮ ਕਰਨ ਵਾਲੇ ਵਿਅਕਤੀ ਦਾ ਕੋਈ ਰਿਸ਼ਤੇਦਾਰ ਹੋਵੇ।

## ਮੇਰਾ ਖਿਆਲ ਹੈ ਕਿ ਮੈਨੂੰ ਹੇਰਾ ਫੇਰੀ ਕਰ ਰਹੇ ਕਿਸੇ ਵਿਅਕਤੀ ਬਾਰੇ ਪਤਾ ਹੈ – ਮੈਨੂੰ ਕੀ ਕਰਨਾ ਚਾਹੀਦਾ ਹੈ
**I think I know someone who is committing benefit fraud – what should I do?**

ਇਹ ਜ਼ਰੂਰੀ ਹੈ ਕਿ ਤੁਸੀਂ ਸਾਨੂੰ ਸੂਚਿਤ ਕਰੋ। ਜੇ ਤੁਹਾਨੂੰ ਸ਼ੱਕ ਹੈ ਕਿ ਕੋਈ ਬੈਨੀਫਿਟ ਦੀ ਹੇਰਾ ਫੇਰੀ ਕਰ ਰਿਹਾ ਹੈ ਤਾਂ ਅਸੀਂ ਇਸ ਬਾਰੇ ਤੁਹਾਡੇ ਕੋਲੋਂ ਜਾਨਣਾ ਚਾਹਾਂਗੇ।

- ਤੁਸੀਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰ ਸਕਦੇ ਹੋ (ਤੁਸੀਂ ਆਪਣੀ ਲੋਕਲ ਕੌਂਸਲ ਦਾ ਨਾਮ ਆਪਣੇ ਕੌਂਸਲ ਟੈਕਸ ਬਿੱਲ ਤੇ ਦੇਖ ਸਕਦੇ ਹੋ)।

- ਤੁਸੀਂ ਮੁਫਤ ਫੋਨ 0800 328 6340 ਜਾਂ ਵੈਲਸ਼ ਬੋਲਣ ਵਾਲਿਆਂ ਲਈ 0800 678 3722 ਤੇ ਨੈਸ਼ਨਲ ਬੈਨੀਫਿਟ ਫਰਾਡ ਹਾਟਲਾਈਨ ਨੂੰ ਫੋਨ ਕਰ ਸਕਦੇ ਹੋ।

- ਤੁਸੀਂ ਆਨਲਾਈਨ www.secure.dwp.gov.uk/benefitfraud/ ਤੇ ਜਾ ਕੇ ਫਾਰਮ ਮੁਕੰਮਲ ਕਰ ਸਕਦੇ ਹੋ।

## ਮੈਨੂੰ ਕਿਹੜੀ ਜਾਣਕਾਰੀ ਦੱਸਣੀ ਪਵੇਗੀ?
**What information do I need to give?**

ਕਨੂੰਨ ਕਹਿੰਦਾ ਹੈ ਕਿ ਬੈਨੀਫਿਟ ਹੇਰਾ ਫੇਰੀ ਸਬੰਧੀ ਕਿਸੇ ਦੀ ਜਾਂਚ ਪੜਤਾਲ ਕਰਨ ਲਈ ਕੋਈ ਠੋਸ ਕਾਰਨ ਹੋਣਾ ਚਾਹੀਦਾ ਹੈ – ਇਸ ਕਰਕੇ ਜਿੱਥੋਂ ਤੱਕ ਸੰਭਵ ਹੋਵੇ ਤੁਹਾਨੂੰ ਹੇਠ ਲਿਖੀ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਲੋੜ ਪਵੇਗੀ।

- ਉਹਨਾਂ ਲੋਕਾਂ ਦੇ ਨਾਮ ਜੋ ਤੁਹਾਡੇ ਖਿਆਲ ਵਿਚ ਹੇਰਾ ਫੇਰੀ ਕਰ ਰਹੇ ਹਨ
- ਉਹਨਾਂ ਦੇ ਸਰਨਾਵੇਂ
- ਜੇ ਕੋਈ ਹੋਰ ਇਸ ਵਿਚ ਸ਼ਾਮਲ ਹੈ ਤਾਂ ਉਹਨਾਂ ਦਾ ਵੇਰਵਾ
- ਸ਼ਾਮਲ ਲੋਕਾਂ ਦਾ ਹੁਲੀਆ, ਜਿਵੇ ਕਿ ਉਹਨਾਂ ਦਾ ਕੱਦ, ਸੇਹਤ ਅਤੇ ਵਾਲ੍ਹਾਂ ਦਾ ਰੰਗ
- ਨੰਬਰ-ਪਲੇਟਾਂ ਅਤੇ ਰੰਗ ਸਮੇਤ ਉਹਨਾਂ ਦੇ ਵਾਹਨਾ ਦਾ ਵੇਰਵਾ
- ਤੁਹਾਨੂੰ ਹੇਰਾ ਫੇਰੀ ਦਾ ਸ਼ੱਕ ਕਿਉਂ ਪਿਆ ਅਤੇ ਤੁਹਾਡੇ ਖਿਆਲ ਵਿਚ ਉਹ ਲੋਕ ਕੀ ਕਰ ਰਹੇ ਹਨ
- ਕੰਮ ਦੀ ਕਿਸਮ, ਉਹਨਾਂ ਨੂੰ ਕੰਮ ਦੇਣ ਵਾਲਿਆਂ ਦੇ ਨਾਮ ਅਤੇ ਪਤੇ, ਕਿੰਨੇ ਘੰਟੇ ਕੰਮ ਕਰਦੇ ਹਨ ਅਤੇ ਕਿੰਨਾ ਕਮਾਉਂਦੇ ਹਨ ਸਮੇਤ ਉਹਨਾਂ ਲੋਕਾਂ ਵਲੋਂ ਕੀਤੇ ਜਾ ਰਹੇ ਕਿਸੇ ਕੰਮ ਦਾ ਵੇਰਵਾ
- ਉਹਨਾਂ ਦੇ ਕਿਸੇ ਪਾਰਟਨਰ ਦਾ ਵੇਰਵਾ ਜਿਸ ਬਾਰੇ ਸਾਨੂੰ ਨਾ ਦੱਸਿਆ ਗਿਆ ਹੋਵੇ, ਜਿਸ ਵਿਚ ਉਹਨਾਂ ਦੇ ਨਾਮ, ਹੁਲੀਏ, ਮੁਲਾਜ਼ਮਤ ਅਤੇ ਉਹ ਇਸ ਪ੍ਰਾਪਰਟੀ ਵਿਖੇ ਕਦੋਂ ਆਉਂਦੇ ਅਤੇ ਜਾਂਦੇ ਹਨ ਸ਼ਾਮਲ ਹੋਣ
- ਉਹਨਾਂ ਵਲੋਂ ਬਹੁਤ ਸਾਰਾ ਪੈਸਾ ਖਰਚਿਆ ਜਾਣਾ ਜਿਸਦੀ ਕਿ ਕਿਸੇ ਬੈਨੀਫਿਟ ਤੇ ਗੁਜ਼ਾਰਾ ਕਰਨ ਵਾਲੇ ਤੋਂ ਉਮੀਦ ਨਾ ਕੀਤੀ ਜਾਂਦੀ ਹੋਵੇ

## ਕੀ ਮੈਨੂੰ ਆਪਣਾ ਨਾਮ ਦੱਸਣਾ ਪਵੇਗਾ?
**Do I have to give my name?**

ਜੇ ਤੁਸੀਂ ਚਾਹੋ ਤਾਂ ਆਪਣਾ ਸੰਪਰਕ ਵੇਰਵਾ ਨਾ ਦੇਣ ਦੀ ਚੋਣ ਕਰ ਸਕਦੇ ਹੋ, ਪਰ ਜੇ ਤੁਸੀਂ ਸਾਨੂੰ ਆਪਣੇ ਬਾਰੇ ਦੱਸ ਦੇਵੋ ਤਾਂ ਇਹ ਮੱਦਦਗਾਰ ਹੋ ਸਕਦਾ ਹੈ ਕਿਉਂਕਿ ਜੇ ਸਾਨੂੰ ਹੋਰ ਕੁੱਝ ਪੁੱਛਣ ਦੀ ਲੋੜ ਹੋਵੇ ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕੀਏ।

## ਮੇਰੇ ਵਲੋਂ ਦਿੱਤੀ ਗਈ ਜਾਣਕਾਰੀ ਦਾ ਕੀ ਬਣਦਾ ਹੈ?
**What happens with the information I give?**

ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਫਰਾਡ ਇਨਵੈਸਟੀਗੇਸ਼ਨ ਟੀਮ ਦੇਖੇਗੀ। ਉਹ ਇਸ ਜਾਣਕਾਰੀ ਨੂੰ ਰਾਜ਼ਦਾਰੀ ਨਾਲ ਰੱਖਣਗੇ।

ਜੇ ਜਾਣਕਾਰੀ ਕਾਫੀ ਹੋਵੇਗੀ ਤਾਂ ਉਹ ਉਸ ਵਿਅਕਤੀ ਦੇ ਬੈਨੀਫਿਟ ਕਲੇਮ ਨੂੰ ਚੈੱਕ ਕਰਨਗੇ। ਜਾਂਚ ਪੜਤਾਲ ਨੂੰ ਕੁੱਝ ਸਮਾਂ ਲੱਗ ਸਕਦਾ ਹੈ ਅਤੇ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਦੇ ਸਿੱਟੇ ਵਜੋਂ ਉਹਨਾਂ ਦੇ ਹੱਥ ਕੀ ਲੱਗਾ ਹੈ ਬਾਰੇ ਇਹ ਟੀਮ ਤੁਹਾਨੂੰ ਨਹੀਂ ਦੱਸ ਸਕਦੀ।

## ਤੁਸੀਂ ਕੀ ਕਾਰਵਾਈ ਕਰੋਗੇ?
**What action will you take?**

ਕਈ ਵਾਰੀ ਅਸੀਂ ਕੋਈ ਵੀ ਕਾਰਵਾਈ ਨਹੀਂ ਕਰਾਂਗੇ ਕਿਉਂਕਿ ਹੋ ਸਕਦਾ ਹੈ ਕਿ ਉਹ ਵਿਅਕਤੀ ਬੈਨੀਫਿਟ ਸਬੰਧੀ ਹੇਰਾ ਫੇਰੀ ਨਾ ਕਰ ਰਿਹਾ ਹੋਵੇ। ਮਿਸਾਲ ਵਜੋਂ, ਹੋ ਸਕਦਾ ਹੈ ਕਿ ਉਸ ਵਿਅਕਤੀ ਨੇ ਸਾਨੂੰ ਪਹਿਲਾਂ ਹੀ ਦੱਸ ਦਿੱਤਾ ਹੋਵੇ ਕਿ ਉਹ ਕੰਮ ਕਰਦਾ ਹੈ ਅਤੇ ਇਸ ਨਾਲ ਉਸਦੇ ਬੈਨੀਫਿਟ ਤੇ ਅਸਰ ਨਾ ਪੈਂਦਾ ਹੋਵੇ। ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਉਹਨਾਂ ਕੰਮ ਕਰਦੇ ਲੋਕਾਂ ਨੂੰ ਮਿਲ ਸਕਦਾ ਹੈ ਜਿਹਨਾਂ ਦੀ ਆਮਦਨ ਥੋੜੀ ਹੋਵੇ।

ਅਸੀਂ ਤਦ ਹੀ ਕਾਰਵਾਈ ਕਰਾਂਗੇ ਜਦ ਸਾਨੂੰ ਪਤਾ ਲੱਗ ਜਾਵੇ ਕਿ ਉਹ ਵਿਅਕਤੀ ਬੈਨੀਫਿਟ ਸਬੰਧੀ ਹੇਰਾ ਫੇਰੀ ਕਰ ਰਿਹਾ ਹੈ। ਇਸ ਕਾਰਵਾਈ ਵਿਚ ਉਸ ਵਿਅਕਤੀ ਦਾ ਬੈਨੀਫਿਟ ਬੰਦ ਕਰਨਾ, ਉਹਨਾਂ ਨੂੰ ਜ਼ੁਰਮਾਨਾ ਕਰਨਾ, ਅਤੇ ਉਹਨਾਂ ਨੂੰ ਕੋਰਟ ਵਿਚ ਲੈ ਕੇ ਜਾਣਾ ਜਿਸ ਰਾਹੀਂ ਉਹਨਾਂ ਨੂੰ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ, ਸ਼ਾਮਲ ਹੋ ਸਕਦਾ ਹੈ।

## ਮੈਨੂੰ ਹੋਰ ਸਲਾਹ ਮਸ਼ਵਰਾ ਕਿੱਥੋਂ ਪ੍ਰਾਪਤ ਹੋ ਸਕਦਾ ਹੈ?
**Where can I get more advice?**

ਜੇ ਤੁਹਾਨੂੰ ਵਧੇਰੇ ਮੱਦਦ ਜਾਂ ਸਲਾਹ ਦੀ ਲੋੜ ਹੈ ਤਾਂ ਸਾਡੇ ਨਾਲ ਸੰਪਰਕ ਕਰੋ ਜੀ। ਸੰਪਰਕ ਵੇਰਵਾ ਤੁਹਾਨੂੰ ਆਪਣੇ ਕੌਂਸਲ ਟੈਕਸ ਬਿੱਲ ਤੋਂ ਜਾਂ ਆਪਣੀ ਲੋਕਲ ਫੋਨ-ਬੁੱਕ ਵਿਚੋਂ ਮਿਲ ਸਕਦਾ ਹੈ।

## ਨੈਸ਼ਨਲ ਫਰਾਡ ਹਾਟਲਾਈਨ
**National Fraud Hotline**

ਚਿੱਠੀ ਲਿਖਣ ਲਈ ਪਤਾ:
National Fraud Hotline
PO Box 647
Preston
PR1 1WA.

ਮੁਫਤ-ਫੋਨ: 0800 328 6340

ਵੈਬਸਾਈਟ: www.targetingfraud.gov.uk

## ਸੁਤੰਤਰ ਸਲਾਹ
**Independent advice**

ਜੇ ਤੁਹਾਨੂੰ ਸੁਤੰਤਰ ਸਲਾਹ ਦੀ ਲੋੜ ਹੈ ਤਾਂ ਆਪਣੇ ਲੋਕਲ ਸਿਟੀਜ਼ਨਜ ਅਡਵਾਈਸ ਬਿਊਰੋ ਨਾਲ ਸੰਪਰਕ ਕਰੋ। ਤੁਸੀਂ ਉਹਨਾਂ ਦਾ ਅਤੇ ਹੋਰ ਲੋਕਲ ਅਡਵਾਈਸ ਏਜੰਸੀਆਂ ਦੇ ਫੋਨ ਨੰਬਰ ਆਪਣੀ ਲੋਕਲ ਫੋਨ-ਬੁੱਕ ਵਿਚੋਂ, ਆਪਣੀ ਸਥਾਨਕ ਲਾਈਬ੍ਰੇਰੀ ਤੋਂ ਜਾਂ ਸਾਡੇ ਨਾਲ ਸੰਪਰਕ ਕਰਕੇ ਪਤਾ ਕਰ ਸਕਦੇ ਹੋ।

## ਵੱਖਰੇ ਰੂਪ
**Other formats**

ਇਸ ਕਿਤਾਬਚੇ ਵਿਚਲੀ ਜਾਣਕਾਰੀ ਤੁਸੀਂ ਵੱਡੇ ਅੱਖਰਾਂ, ਬ੍ਰੇਅਲ ਅਤੇ ਹੋਰ ਬੋਲੀਆਂ ਵਿਚ ਵੀ ਪ੍ਰਾਪਤ ਕਰ ਸਕਦੇ ਹੋ। ਆਨਲਾਈਨ ਇਕ ਆਡੀਓ ਵਰਜ਼ਨ (ਬੋਲ ਕੇ ਭਰੀ ਹੋਈ ਅਵਾਜ਼) ਵੀ ਮੌਜੂਦ ਹੈ।
ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ ਜੀ।